# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 24-07-2024**

- ਕੇਂਦਰੀ ਖ਼ਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ, ਆਮ ਬਜਟ ਵਿੱਚ ਕੁਝ ਸੂਬਿਆਂ ਨਾਲ ਵਿਤਕਰੇ ਬਾਰੇ ਵਿਰੋਧੀ ਧਿਰ ਦੇ ਦੋਸ਼ਾਂ ਨੂੰ ਰੱਦ ਕੀਤਾ।
- ਕੇਂਦਰੀ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਿਹਾ ਏ, ਕਿ ਬਜਟ ਵਿਚ ਪੰਜਾਬ ਵਿਚ ਰੇਲਵੇ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ, 5 ਹਜ਼ਾਰ 147 ਕਰੋੜ ਰੁਪਏ ਦਿੱਤੇ ਗਏ ਨੇ।
- ਸੰਸਦ ਵਿਚ ਕਲ ਪੇਸ਼ ਆਮ ਬਜਟ ਨੂੰ, ਸਮਾਜ ਦੇ ਵੱਖ ਵੱਖ ਵਰਗਾਂ ਦੇ ਨੁੰਮਾਇਦਿਆਂ ਨੇ ਹਾਂ ਪੱਖੀ ਦੱਸਦਿਆਂ ਇਸ ਦੀ ਸ਼ਲਾਘਾ ਕੀਤੀ ਏ।
- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ, ਆਪਣਾ ਲਿਖਤੀ ਸਪੱਸ਼ਟੀਕਰਨ, ਸ੍ਰੀ ਅਕਾਲ ਤਖ਼ਤ ਸਾਹਿਬ

ਸਕੱਤਰੇਤ ਵਿਖੇ, ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੂੰ ਸੌਂਪਿਆ।

-----------------------------------------------------------

ਕੇਂਦਰੀ ਖ਼ਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ, ਕੇਂਦਰੀ ਬਜਟ ਵਿੱਚ ਕੁਝ ਸੂਬਿਆਂ ਨਾਲ ਵਿਤਕਰੇ ਬਾਰੇ ਵਿਰੋਧੀ ਧਿਰ ਦੇ ਦੋਸ਼ਾਂ ਨੂੰ ਰੱਦ ਕਰ ਦਿੱਤਾ ਏ। ਅੱਜ ਰਾਜ ਸਭਾ ਵਿੱਚ ਸਿਫ਼ਰ ਕਾਲ ਦੌਰਾਨ, ਵਿਰੋਧੀ ਧਿਰ ਦੇ ਦੋਸ਼ਾਂ ਦਾ ਜਵਾਬ ਦਿੰਦਿਆਂ, ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸ ਦੀ ਅਗਵਾਈ ਵਾਲੀ ਵਿਰੋਧੀ ਧਿਰ ਵੱਲੋਂ, ਲੋਕਾਂ ਨੂੰ ਜਾਣਬੁੱਝ ਕੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਏ, ਕਿ ਵਿਰੋਧੀ ਧਿਰ ਸ਼ਾਸਤ ਸੂਬਿਆਂ ਨੂੰ ਕੁਝ ਨਹੀਂ ਦਿੱਤਾ ਗਿਆ। ਉਨ੍ਹਾਂ ਸਪੱਸ਼ਟ ਕੀਤਾ ਕਿ ਹਰ ਬਜਟ ਵਿੱਚ, ਦੇਸ਼ ਦੇ ਹਰ ਸੂਬੇ ਦਾ ਨਾਂ ਲੈਣ ਦਾ ਮੌਕਾ ਨਹੀਂ ਮਿਲਦਾ। ਖ਼ਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ ਕਿ ਜੇਕਰ ਬਜਟ ਭਾਸ਼ਣ ਵਿੱਚ, ਕਿਸੇ ਵਿਸ਼ੇਸ਼ ਸੂਬੇ ਦਾ ਨਾਮ ਨਹੀਂ ਲਿਆ ਜਾਂਦਾ ਏ, ਤਾਂ ਇਸਦਾ ਮਤਲਬ ਇਹ ਨਹੀਂ ਏ ਕਿ ਕੇਂਦਰ ਸਰਕਾਰ ਦੇ ਪ੍ਰੋਗਰਾਮ ਇਨ੍ਹਾਂ ਸੂਬਿਆਂ ਵਿੱਚ ਨਹੀਂ ਜਾਂਦੇ। ਉਨਾਂ ਕਿਹਾ ਕਿ ਵੋਟ ਆਨ ਅਕਾਉਂਟ ਅਤੇ ਕੱਲ੍ਹ ਦੇ

ਬਜਟ ਵਿਚਕਾਰ ਕੇਂਦਰੀ ਮੰਤਰੀ ਮੰਡਲ ਨੇ, ਮਹਾਰਾਸ਼ਟਰ ਅਤੇ ਪੱਛਮੀ ਬੰਗਾਲ ਵਿੱਚ ਕਈ ਵਿਕਾਸ ਪ੍ਰੋਜੈਕਟਾਂ ਨੂੰ ਮਨਜ਼ੂਰੀ ਦਿੱਤੀ ਏ।

---------------------------------------------------------------

ਕੇਂਦਰੀ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਿਹਾ ਏ, ਕਿ ਸਾਲ 2024 - 25 ਦੇ ਬਜਟ ਵਿਚ, ਪੰਜਾਬ ਰਾਜ ਵਿਚ ਰੇਲਵੇ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ, 5 ਹਜ਼ਾਰ 147 ਕਰੋੜ ਰੁਪਏ ਦਿੱਤੇ ਗਏ ਨੇ।

**BYTE:**

---------------------------------------------------------------

ਕੇਂਦਰੀ ਬਜਟ ਦਾ ਸਮਾਜ ਦੇ ਵੱਖ ਵੱਖ ਵਰਗਾਂ ਨੇ ਸਵਾਗਤ ਕੀਤਾ ਏ। ਲਘੂ ਉਦਯੋਗ ਭਾਰਤੀ ਦੇ ਆਲ ਇੰਡੀਆ ਮੀਤ ਪ੍ਰਧਾਨ, ਐਡਵੋਕੇਟ ਅਰਵਿੰਦ ਧੂਮਲ ਨੇ ਕਿਹਾ ਕਿ ਅੰਮ੍ਰਿਤ ਕਾਲ ਦੇ ਅਗਲੇ 25 ਵਰ੍ਹਿਆਂ ਨੂੰ ਸਮਰਪਿਤ, ਇਹ ਇੱਕ ਦੂਰਅੰਦੇਸ਼ੀ ਬਜਟ ਏ।

**BYTE :**

ਲਘੂ ਉਦਯੋਗ ਭਾਰਤੀ ਦੇ ਸੂਬਾ ਮੀਤ ਪ੍ਰਧਾਨ ਤੇ ਮੀਡੀਆ ਇੰਚਾਰਜ ਵਿਕਰਾਂਤ ਸ਼ਰਮਾ ਨੇ, ਕੇਂਦਰੀ ਬਜਟ ਨੂੰ ਦੇਸ਼ ਦੇ ਵਿਕਾਸ ਨੂੰ ਤੇਜ਼ ਕਰਨ ਵਾਲਾ ਅਤੇ ਨੌਜਵਾਨ ਪੱਖੀ ਯੋਜਨਾਵਾਂ ਨੂੰ ਸ਼ਾਮਲ ਕਰਨ ਵਾਲਾ ਦੱਸਦਿਆਂ ਕਿਹਾ ਕਿ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਵਿਕਾਸ ਨੂੰ ਉਤਸ਼ਾਹਿਤ ਕਰਨ, ਰੁਜ਼ਗਾਰ, ਹੁਨਰ ਅਤੇ ਨਿਰਮਾਣ ਲਈ ਅਹਿਮ ਸਹਿਯੋਗ ਦੇਣ ਲਈ ਵੱਡੇ ਖਰਚੇ ਨਾਲ ਪ੍ਰੋਜੈਕਟਾਂ ਦੀ ਤਜਵੀਜ ਕੀਤੀ ਏ।

-----------------------------------------------------

ਮੋਗਾ ਤੋਂ ਪ੍ਰੋਫੈਸਰ ਬਲਵਿੰਦਰ ਸਿੰਘ ਦੌਲਤਪੁਰਾ ਨੇ ਕਿਹਾ ਕਿ ਬਜਟ ਵਿਚ ਉੱਚ ਸਿਖਿਆ ਬਾਰੇ ਕੀਤੀ ਗਈ ਵਿਵਸਥਾ ਸ਼ਲਾਘਾਯੋਗ ਏ ।

**BYTE:**

ਖਰੜ ਦੇ ਵਸਨੀਕ ਨਰੇਂਦਰ ਸਿੰਘ ਰਾਣਾ ਨੇ ਬਜਟ ਨੂੰ ਸਾਰਿਆਂ ਲਈ ਹਾਂਪੱਖੀ ਦਸਿਆ ।

**BYTE:**

-----------------------------------------------

ਲੰਬਿਤ ਮਾਮਲਿਆਂ ਨੂੰ ਨਿਪਟਾਉਣ ਅਤੇ ਸੁਹਿਰਦ ਨਿਪਟਾਰੇ ਨੂੰ ਉਤਸ਼ਾਹਿਤ ਕਰਨ ਲਈ, ਇੱਕ ਮਹੱਤਵਪੂਰਨ ਕਦਮ ਵਿੱਚ, ਸੁਪਰੀਮ ਕੋਰਟ 29 ਜੁਲਾਈ ਤੋਂ 3 ਅਗਸਤ ਤੱਕ, ਵਿਸ਼ੇਸ਼ ਲੋਕ ਅਦਾਲਤ ਦਾ ਆਯੋਜਨ ਕਰੇਗੀ। ਇਹ ਪਹਿਲਕਦਮੀ ਸੁਪਰੀਮ ਕੋਰਟ ਦੀ ਸਥਾਪਨਾ ਦੇ 75ਵੇਂ ਸਾਲ ਵਿੱਚ ਇੱਕ ਮੀਲ ਪੱਥਰ ਦੀ ਨਿਸ਼ਾਨਦੇਹੀ ਕਰਦੀ ਏ। ਭਾਰਤ ਦੇ ਚੀਫ਼ ਜਸਟਿਸ ਡੀ.ਵਾਈ. ਚੰਦਰਚੂੜ ਨੇ ਉਨ੍ਹਾਂ ਨਾਗਰਿਕਾਂ ਨੂੰ ਇਸ ਪਹਿਲ ਦਾ ਲਾਭ ਲੈਣ ਦੀ ਅਪੀਲ ਕੀਤੀ ਏ, ਜਿਨ੍ਹਾਂ ਦੇ ਮਾਮਲੇ ਸੁਪਰੀਮ ਕੋਰਟ ਦੇ ਸਾਹਮਣੇ ਲੰਬਿਤ ਪਏ ਨੇ।

-----------------------------------------------

ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ, ਪਠਾਨਕੋਟ ਦੇ ਸਰਹੱਦੀ ਖੇਤਰ ਬਮਿਆਲ ਦਾਕਲ ਸ਼ਾਮ ਦੌਰਾ ਕੀਤਾ। ਉਨ੍ਹਾਂ ਨੇ ਗ੍ਰਾਮ ਸੁਰੱਖਿਆ ਕਮੇਟੀਆਂ ਦੇ ਮੈਂਬਰਾਂ ਨਾਲ ਮੀਟਿੰਗ ਕੀਤੀ ਅਤੇ ਇਲਾਕੇ ਦੀ ਸਮੱਸਿਆਂਵਾਂ ਬਾਰੇ ਜਾਣਕਾਰੀ ਲਈ। ਰਾਜਪਾਲ ਪੁਰੋਹਿਤ ਨੇ ਕਿਹਾ ਕਿ ਸੁਰੱਖਿਆ ਦੇ ਨਜ਼ਰੀਏ ਤੋਂ ਜ਼ਿਲ੍ਹਾ ਪਠਾਨਕੋਟ ਬਹੁਤ ਮਹੱਤਵਪੂਰਨ

ਏ, ਕਿਉਂਕਿ ਇਸ ਜ਼ਿਲ੍ਹੇ ਦੀ ਸਰਹੱਦ ਪਾਕਿਸਤਾਨ ਨਾਲ ਲੱਗਦੀ ਏ ਅਤੇ ਪਾਕਿਸਤਾਨ ਚੰਗੀ ਤਰ੍ਹਾਂ ਜਾਣਦਾ ਏ, ਕਿ ਉਹ ਭਾਰਤ ਨਾਲ ਜੰਗ ਨਹੀਂ ਲੜ ਸਕਦਾ ਅਤੇ ਅਜਿਹੀ ਸਥਿਤੀ ਵਿੱਚ ਪਾਕਿਸਤਾਨ ਵੱਲੋਂ ਪੰਜਾਬ ਦੀਆਂ ਸਰਹੱਦਾਂ ਰਾਹੀਂ ਨਸ਼ਾ ਭੇਜਣ ਦੀ ਨਾਕਾਮ ਕੋਸ਼ਿਸ਼ ਕੀਤੀ ਜਾ ਰਹੀ ਏ। ਉਨਾਂ ਕਿਹਾ ਕਿ ਅਜਿਹੇ ਵਿੱਚ ਸਾਰਿਆਂ ਨੂੰ ਸੂਬੇ ਵਿਚ ਮਿਲ ਕੇ ਕੰਮ ਕਰਨ ਦੀ ਜਰੂਰਤ ਏ। ਰਾਜਪਾਲ ਪੁਰੋਹਿਤ ਨੇ ਕਿਹਾ ਕਿ ਜਦੋਂ ਦੇਸ਼ ਨੂੰ ਆਜ਼ਾਦੀ ਮਿਲੀ ਤਾਂ ਪਾਕਿਸਤਾਨ ਨਾਲ ਜੰਗ ਤੋਂ ਬਾਅਦ ਦੇਸ਼ ਦੀ ਆਬਾਦੀ ਕੋਈ 40 ਕਰੋੜ ਸੀ ਅਤੇ ਉਨ੍ਹਾਂ ਦਾ ਪੇਟ ਭਰਨ ਲਈ ਭਾਰਤ ਨੂੰ ਅਮਰੀਕਾ ਤੋਂ ਕਣਕ ਮੰਗਵਾਉਣੀ ਪੈਂਦੀ ਸੀ ਪਰ ਅੱਜ ਦੇਸ਼ ਦੀ ਅਬਾਦੀ 140 ਕਰੋੜ ਏ ਤੇ ਭਾਵੇਂ ਦੇਸ਼ ਦਾ ਕਿਸਾਨ ਸਮੁਚੇ ਦੇਸ਼ ਦਾ ਢਿੱਡ ਭਰ ਰਿਹਾ ਏ, ਪਰ ਇਸ ਵਿੱਚ ਸਭ ਤੋਂ ਵੱਧ ਯੋਗਦਾਨ ਪੰਜਾਬ ਦੇ ਕਿਸਾਨ ਦਾ ਹੀ ਏ।

---------------------------------------------------------------

ਇਨਕਮ ਟੈਕਸ ਵਿਭਾਗ ਨੇ ਕਰ ਦਾਤਾਵਾਂ ਨੂੰ ਔਨਲਾਈਨ ਧੋਖਾਧੜੀ ਤੋਂ ਬਚਣ ਦੀ ਚੇਤਾਵਨੀ ਦੇ ਨਾਲ ਹੀ, ਆਪਣੇ ਆਪ ਨੂੰ ਇਸ ਤੋਂ ਬਚਾਉਣ

ਦੇ ਤਰੀਕਿਆਂ ਬਾਰੇ ਇਕ ਸਲਾਹ ਜਾਰੀ ਕੀਤੀ ਏ। ਵਿਭਾਗ ਨੇ ਕਿਹਾ ਏ ਕਿ ਆਮ ਲੋਕਾਂ ਦੇ ਸਹਿਯੋਗ ਨਾਲ ਹੀ, ਸਾਈਬਰ ਅਪਰਾਧ ਦੀ ਰੋਕਥਾਮ ਕੀਤੀ ਜਾ ਸਕਦੀ ਏ।

*ਹੋਰ ਵੇਰਵੇ ਨਾਲ ਇਹ ਰਿਪੋਰਟ : ਡਿਸਪੈਚ: ਅੱਜ ਕਲ ਇਨਕਮ ਟੈਕਸ ਰਿਟਰਨ ਦਾਖ਼ਲ ਕਰਨ ਦਾ ਕੰਮ ਜੰਗੀ ਪੱਧਰ ਤੇ ਚੱਲ ਰਿਹਾ ਏ। 31 ਜੁਲਾਈ ਇਨਕਮ ਟੈਕਸ ਰਿਟਰਨ ਦਾਖ਼ਲ ਕਾਰਨ ਦੀ ਆਖਰੀ ਤਰੀਕ ਏ। ਇਨਕਮ ਟੈਕਸ ਵਿਭਾਗ ਵੀ ਲੋਕਾਂ ਨੂੰ ਇਸ ਤਰੀਕ ਤੋਂ ਪਹਿਲਾਂ ਪਹਿਲਾਂ ਸਮੇਂ ਤੇ ਆਪਣੀ ਰਿਟਰਨ ਦਾਖ਼ਲ ਕਰਨ ਦੀ ਅਪੀਲ ਕਰ ਰਿਹਾ ਏ ਤਾਂ ਜੋ ਆਖਰੀ ਮੌਕੇ ਦੀ ਭੀੜ ਨੂੰ ਘੱਟ ਕੀਤਾ ਜਾ ਸਕੇ। ਇਸ ਦੌਰਾਨ ਕੁਝ ਸਮਾਜ ਵਿਰੋਧੀ ਤੇ ਸਾਈਬਰ ਅਪਰਾਧ ਨਾਲ ਜੁੜੇ ਅਨਸਰਾਂ ਵਲੋਂ ਲੋਕਾਂ ਨੂੰ ਇਨਕਮ ਟੈਕਸ ਰਿਟਰਨ ਭਰਨ ਦੇ ਨਾਮ ਤੋਂ ਕਿਸੇ ਵੀ ਠੱਗੀ ਤੋਂ ਬਚਾਉਣ ਲਈ ਵਿਭਾਗ ਨੇ ਕਰ ਦਾਤਾਵਾਂ ਲਈ ਇਕ ਸਲਾਹ ਜਾਰੀ ਕੀਤੀ ਏ। ਇਸ ਵਿਚ ਕਰ ਦਾਤਾਵਾਂ ਨੂੰ ਆਨਲਾਈਨ ਧੋਖਾਧੜੀ ਤੋਂ ਬਚਣ ਦੇ ਤਰੀਕਿਆਂ ਬਾਰੇ ਦੱਸਿਆ ਗਿਆ ਏ ।ਵਿਭਾਗ ਨੇ ਕਰ ਦਾਤਾਵਾਂ ਨੂੰ*

*ਕਦੇ ਵੀ ਆਪਣੀ ਨਿੱਜੀ ਜਾਣਕਾਰੀ ਕਿਸੇ ਨਾਲ ਵੀ ਸਾਂਝੀ ਨਾ ਕਰਨ ਦੀ ਸਲਾਹ ਦਿੱਤੀ ਏ । ਇਸ ਦੇ ਨਾਲ ਹੀ ਇਹ ਵੀ ਕਿਹਾ ਗਿਆ ਏ ਕਿ ਲੋਕ ਕਦੇ ਵੀ ਓ ਟੀ ਪੀ, ਬੈਂਕ ਖਾਤਾ, ਪੈਨ ਅਤੇ ਆਧਾਰ ਨੰਬਰ ਕਿਸੇ ਨਾਲ ਵੀ ਸਾਂਝਾ ਨਾ ਕਰਨ । ਵਿਭਾਗ ਨੇ ਸਲਾਹ ਦਿੱਤੀ ਏ ਕਿ ਆਮਦਨ ਕਰ ਵਿਭਾਗ ਨਾਲ ਸਬੰਧਤ ਕਿਸੇ ਵੀ ਅਣ-ਪ੍ਰਮਾਣਿਤ ਲਿੰਕ 'ਤੇ ਕਰ ਦਾਤਾ ਕਲਿੱਕ ਨਾ ਕਰਨ ਅਤੇ ਉਹ ਆਮਦਨ ਕਰ ਵਿਭਾਗ ਦੀ ਅਧਿਕਾਰਤ ਈ-ਫਾਈਲਿੰਗ ਵੈੱਬਸਾਈਟ 'ਤੇ ਹੀ ਲਾਗ ਇਨ ਕਰਕੇ ਆਪਣੀ ਆਮਦਨ ਟੈਕਸ ਰਿਟਰਨ ਭਰਨ ।ਸ਼ਿਸ਼ੂ ਸ਼ਰਮਾ ਸ਼ਾਂਤਲ, ਆਕਾਸ਼ਵਾਣੀ ਸਮਾਚਾਰ, ਜਲੰਧਰ*

-----------------------------------------------------

ਇਸ ਦੌਰਾਨ ਦੇਸ਼ ਵਿਚ ਹਰ ਸਾਲ 24 ਜੁਲਾਈ ਨੂੰ ਆਮਦਨ ਕਰ ਦਿਵਸ ਮਨਾਇਆ ਜਾਂਦਾ ਏ । ਆਮਦਨ ਕਰ ਵਿਭਾਗ ਇਸ ਸਾਲ ਆਪਣਾ 165ਵਾਂ ਦਿਵਸ ਮਨਾ ਰਿਹਾ ਏ । ਇਸ ਮੌਕੇ ਤੇ ਇਨਕਮ ਟੈਕਸ ਵਿਭਾਗ ਜਲੰਧਰ ਵਲੋਂ ਪ੍ਰਿੰਸੀਪਲ ਕਮਿਸ਼ਨਰ ਇਨਕਮ ਟੈਕਸ - ਵਨ, ਕੋਮਲ ਜੋਗਪਾਲ ਦੀ ਅਗਵਾਈ ਹੇਠ, ਅੱਜ ਇਕ ਮੈਡੀਕਲ

ਚੈਕਅੱਪ ਕੈਂਪ ਲਗਾਇਆ ਗਿਆ। ਕਰਮਚਾਰੀਆਂ ਦੇ ਮੈਡੀਕਲ ਚੈਕਅੱਪ ਲਈ, ਇਕ ਨਿਜੀ ਹਸਪਤਾਲ ਤੋਂ ਮਾਹਰ ਡਾਕਟਰਾਂ ਦੀ ਟੀਮ ਬੁਲਾਈ ਗਈ । ਇਸ ਕੈਂਪ ਰਾਹੀਂ ਆਮਦਨ ਕਰ ਦਿਵਸ ਦੇ ਸਫਲ ਜਸ਼ਨ ਨੇ ਆਪਣੇ ਕਰਮਚਾਰੀਆਂ ਵਿੱਚ ਸਿਹਤ ਤੇ ਤੰਦਰੁਸਤੀ ਨੂੰ ਉਤਸ਼ਾਹਿਤ ਕਰਨ ਸੰਬੰਧੀ ਵਿਭਾਗ ਦੀ ਵਚਨਬੱਧਤਾ ਪ੍ਰਗਟਾਈ।

---------------------------------------------------------------

ਪਿਛਲੇ ਦਿਨੀਂ ਸ਼੍ਰੋਮਣੀ ਅਕਾਲੀ ਦਲ ਦੇ ਕੁਝ ਸੀਨੀਅਰ ਆਗੂਆਂ ਵੱਲੋਂ, ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦਿੱਤੀ ਸ਼ਿਕਾਇਤ ਵਿਚ ਲਾਏ ਦੋਸ਼ਾਂ ਸਬੰਧੀ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਆਪਣਾ ਲਿਖਤੀ ਸਪੱਸ਼ਟੀਕਰਨ, ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਖੇ, ਨਿੱਜੀ ਤੌਰ ‘ਤੇ ਪੁੱਜ ਕੇ, ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੂੰ ਸੌਂਪਿਆ ਏ । ਇਸ ਮੌਕੇ ਉਨ੍ਹਾਂ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਹੋਰ ਆਗੂ ਮੌਜੂਦ ਰਹੇ । ਸੁਖਬੀਰ ਸਿੰਘ ਬਾਦਲ ਦੇ ਲਿਖਤੀ

ਸਪੱਸ਼ਟੀਕਰਨ ‘ਤੇ ਪੰਜ ਸਿੰਘ ਸਾਹਿਬਾਨ ਵਲੋਂ ਆਉਂਦੇ ਦਿਨਾਂ ਵਿਚ ਹੋਣ ਵਾਲੀ ਇਕੱਤਰਤਾ ਸਮੇਂ ਵਿਚਾਰ ਕੀਤਾ ਜਾਵੇਗਾ ।

---------------------------------------------------------------

'ਏਕ ਪੇੜ ਦੇਸ਼ ਕੇ ਨਾਮ' ਮੁਹਿੰਮ ਤਹਿਤ ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਫਤਿਹਗੜ੍ਹ ਸਾਹਿਬ ਵਲੋਂ ਜਿਲਾ ਤੇ ਸੈਸ਼ਨ ਜੱਜ ਅਰੁਣ ਗੁਪਤਾ ਨੇ ਬੂਟਾ ਲਗਾ ਕੇ 11 ਹਜ਼ਾਰ ਬੂਟੇ ਲਗਵਾਉਣ ਦੀ ਮੁਹਿੰਮ ਅਰੰਭੀ ਗਈ । ਇਸ ਮੌਕੇ ਤੇ ਅਰੁਣ ਗੁਪਤਾ ਨੇ ਕਿਹਾ ਕਿ ਵਾਤਾਵਰਨ ਦੀ ਸ਼ੁੱਧਤਾ ਲਈ 11 ਹਜ਼ਾਰ ਬੂਟੇ ਲਗਾਉਣ ਦੀ ਇਹ ਮੁਹਿੰਮ ਭਵਿੱਖ ਵਿੱਚ ਜਰੂਰ ਕਾਰਗਰ ਸਾਬਿਤ ਹੋਵੇਗੀ । ਉਨਾਂ ਕਿਹਾ ਕਿ ਇਸ ਮੁਹਿਮ ਵਿੱਚ ਸਮੁੱਚੇ ਵਕੀਲ ਭਾਈ ਚਾਰੇ, ਸਨਅਤਕਾਰਾਂ ਅਤੇ ਆਮ ਲੋਕਾਂ ਦਾ ਸਹਿਯੋਗ ਬਹੁਤ ਜਰੂਰੀ ਏ । ਉਨਾਂ ਕਿਹਾ ਕਿ ਜਿਹੜੇ ਬੂਟੇ ਲਗਾਏ ਗਏ ਨੇ, ਇਨਾਂ ਦੀ ਘੱਟੋ ਘੱਟ ਛੇ ਮਹੀਨੇ ਸਾਂਭ ਸੰਭਾਲ ਜਰੂਰ ਕੀਤੀ ਜਾਵੇ ਤਾਂ ਜੋ ਇਹ ਵੱਧ ਫੁੱਲ ਸਕਣ ਅਤੇ ਠੰਡੀ ਛਾਂ ਦੇਣ ਦੇ ਨਾਲ ਨਾਲ ਆਕਸੀਜਨ ਵੀ ਲੋਕਾਂ ਨੂੰ ਪ੍ਰਦਾਨ ਕਰ ਸਕਣ ।

---

ਭਾਰਤ ਸਰਕਾਰ ਵੱਲੋਂ ਪ੍ਰਾਪਤ ਮਿਸ਼ਨ ਸ਼ਕਤੀ ਯੋਜਨਾ ਤਹਿਤ, ਗੁਰਦਾਸਪੁਰ ਜ਼ਿਲ੍ਹਾ ਸਮਾਜਿਕ ਸੁਰੱਖਿਆ ਵਿਭਾਗ ਨੇ ਰੇਵਾ ਵੈੱਲਫੇਅਰ ਸੋਸਾਇਟੀ ਦੀਨਾਨਗਰ ਵਿਖੇ, ਮਹਿਲਾ ਕੇਂਦਰਿਤ ਕਾਨੂੰਨਾਂ ਅਤੇ ਘਰੇਲੂ ਹਿੰਸਾ ਦੇ ਖ਼ਿਲਾਫ਼ ਜਾਗਰੂਕਤਾ ਕੈਂਪ ਲਗਾਇਆ। ਇਸ ਕੈਂਪ ਦਾ ਮੁੱਖ ਮੰਤਵ, ਔਰਤਾਂ ਨੂੰ ਨਵੇਂ ਕੇਂਦਰਿਤ ਕਾਨੂੰਨ ਅਤੇ ਘਰੇਲੂ ਹਿੰਸਾ ਤੋਂ ਪ੍ਰਭਾਵਿਤ ਔਰਤਾਂ ਨੂੰ ਜਾਗਰੂਕ ਕਰਨਾ ਰਿਹਾ। ਇਸ ਦੇ ਨਾਲ ਹੀ ਕੈਂਪ ਵਿੱਚ ਬੈਠੇ ਕੁੜੀਆਂ , ਮੁੰਡਿਆਂ ਨੂੰ ਮਿਸ਼ਨ ਸ਼ਕਤੀ ਯੋਜਨਾ ਸਖੀ ਵਨ ਸਟਾਪ ਸੈਂਟਰ, ਵੂਮੈਨ ਹੈਲਪ ਲਾਈਨ, ਚਾਈਲਡ ਹੈਲਪ ਲਾਈਨ, ਬਾਲ ਸੁਰੱਖਿਆ ਸੇਵਾਵਾਂ, ਪ੍ਰਧਾਨ ਮੰਤਰੀ ਮਾਤਰੂ ਵੰਦਨਾ ਯੋਜਨਾ ਅਤੇ ਬਾਲ ਪੰਘੂੜਾ ਸਕੀਮਾਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਤੇ ਕਾਨੂੰਨੀ ਰੱਖਿਆ ਕੌਂਸਲ ਸਹਾਇਕ ਵਿਨਾਕਸ਼ੀ ਵਰਮਾ ਤੇ ਬਾਲ ਸੁਰੱਖਿਆ ਅਫ਼ਸਰ ਸੁਨੀਲ ਜੋਸ਼ੀ ਸਮੇਤ ਹੋਰ ਪਤਵੰਤੇ ਮੌਜੂਦ ਰਹੇ।

---

## ਆਖਿਰ ਵਿਚ ਖ਼ਾਸ ਖ਼ਬਰਾਂ ਇਕ ਵਾਰ ਫੇਰ ਤੋਂ

- ਕੇਂਦਰੀ ਖ਼ਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ, ਆਮ ਬਜਟ ਵਿੱਚ ਕੁਝ ਸੂਬਿਆਂ ਨਾਲ ਵਿਤਕਰੇ ਬਾਰੇ ਵਿਰੋਧੀ ਧਿਰ ਦੇ ਦੋਸ਼ਾਂ ਨੂੰ ਰੱਦ ਕੀਤਾ।
- ਕੇਂਦਰੀ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਿਹਾ ਏ, ਕਿ ਬਜਟ ਵਿਚ ਪੰਜਾਬ ਵਿਚ ਰੇਲਵੇ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ, 5 ਹਜ਼ਾਰ 147 ਕਰੋੜ ਰੁਪਏ ਦਿੱਤੇ ਗਏ ਨੇ।
- ਸੰਸਦ ਵਿਚ ਕਲ ਪੇਸ਼ ਆਮ ਬਜਟ ਨੂੰ, ਸਮਾਜ ਦੇ ਵੱਖ ਵੱਖ ਵਰਗਾਂ ਦੇ ਨੁੰਮਾਇਦਿਆਂ ਨੇ ਹਾਂ ਪੱਖੀ ਦੱਸਦਿਆਂ ਇਸ ਦੀ ਸ਼ਲਾਘਾ ਕੀਤੀ ਏ।
- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ, ਆਪਣਾ ਲਿਖਤੀ ਸਪੱਸ਼ਟੀਕਰਨ, ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਖੇ, ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੂੰ ਸੌਂਪਿਆ।